# ਤਰਕਵਾਦ ਦਾ ਭੂਤ

-ਗੁਰਸਿਖ ਫੀਚਰਜ਼

ਵਾਦ ਦਾ ਭਾਵ ਤਾਂ ਲਹਿਰ ਈ ਐ। ਲਹਿਰਾਂ ਸੰਸਾਰ 'ਚ ਕਈ ਕਿਸਮ ਦੀਆਂ ਚੱਲਦੀਆਂ ਰਹੀਆਂ ਤੇ ਰਹਿਣਗੀਆਂ ਜਾਂ ਕਹਿ ਲਵੋ ਸੰਸਾਰ ਸਮੁੰਦਰ ਐ ਤੇ ਸਮੁੰਦਰ ਨਾਲੋਂ ਲਹਿਰਾਂ ਦਾ ਸੰਬੰਧ ਟੁੱਟ ਨਹੀਂ ਸਕਦਾ।

ਉਂਝ ਵਾਦਾਂ ਦੀਆਂ ਬਹੁਤ ਕਿਸਮਾਂ ਨੇ ਜਿਵੇਂ- ਆਦਰਸ਼ਵਾਦ, ਰਹੱਸਵਾਦ, ਯਥਾਰਥਵਾਦ, ਖਾੜਕੂਵਾਦ, ਮਾਰਕਸਵਾਦ, ਲੈਨਿਨਵਾਦ, ਪ੍ਰਗਤੀਵਾਦ, ਰੋਮਾਂਸਵਾਦ, ਪਦਾਰਥਵਾਦ, ਜਾਤੀਵਾਦ, ਅੱਤਵਾਦ, ਰੂੜੀਵਾਦ, ਸਿਆਸਤ 'ਚ ਭਾਈ-ਭਤੀਜਵਾਦ, ਫੈਸ਼ਨ 'ਚ ਪੱਛਮੀਵਾਦ, ਨੰਗੇਜ਼ਵਾਦ, ਮਾਇਆਧਾਰੀਆਂ 'ਚ ਲੱਛਮੀਵਾਦ, ਘਪਲਾਵਾਦ, ਘੁਟਾਲਾਵਾਦ, ਅੱਗੇ ਘੁਟਾਲੇ ਦੀਆਂ ਕਿਸਮਾਂ ਚਾਰਾਵਾਦ, ਲੁੱਕਵਾਦ, ਬੱਜਰੀਵਾਦ, ਲੋਹਾਵਾਦ, ਸੀਮੇਂਟਵਾਦ....। ਗੱਲ ਕੀ ਭਾਰਤ ਦੇ ਵਾਦਾਂ ਦਾ ਵਾਦ-ਵਿਵਾਦ ਰਚਾ ਲਈਏ ਤਾਂ ਖਿੱਦੋ ਵਾਂਗੂੰ ਕਈ ਕਿਸਮ ਦੀਆਂ ਲੀਰਾਂ ਬਾਹਰ ਆ ਜਾਣੀਆਂ ਐਂ। ਇਸ ਵਾਦਾਂ ਦੇ ਭੂਤ ਦੀਆਂ ਬਹੁਤ ਕਿਸਮਾਂ ਐਂ ਤੇ ਏਸੇ ਤਰ੍ਹਾਂ ਘੁੱਗੂ ਕੇ ਲਾਣੇ 'ਚ 'ਤੋਤਾ ਸਿਹੁੰ' ਨੂੰ ਸਵਾਰ ਹੋ ਗਿਆ 'ਤਰਕਵਾਦ ਦਾ ਭੂਤ।'
ਊਂ ਲਾਣੇ ਤਾਂ ਬਹੁਤ ਕਿਸਮਾਂ ਦੇ ਐ ਪਰ ਘੁੱਗੂ ਕਾ ਲਾਣਾ ਕੀ ਹੋਇਆ....?

ਦਰਅਸਲ ਇਕ ਵਾਰ ਤੋਤਾ ਸਿਹੁੰ ਦੇ ਪੜਦਾਦੇ ਨੂੰ ਸੱਥ 'ਚ ਬੈਠਿਆਂ ਕਿਸੇ ਨੇ ਪੁੱਛ ਲਿਆ ਕਿ ਬੈਂਗਣਾਂ ਤੇ ਬਤਾਊਆਂ 'ਚ ਕੀ ਫਰਕ ਐ? ਉਹ ਸੋਚ-ਸਾਚ ਕੇ ਕਹਿੰਦਾ ਕਿ ਬੈਂਗਣ ਤਾਂ ਬੀਜਣ ਦੇ ਕੰਮ ਆਉਂਦੇ ਆ ਤੇ ਬਤਾਊਆਂ ਦੀ ਸਬਜ਼ੀ ਬਣਾ ਲਈਦੀ ਐ। ਉਸ ਦਿਨ ਤੋਂ ਸਾਰੇ ਪਿੰਡ 'ਚ ਇਹ ਘੁੱਗੂ ਕਾ ਲਾਣਾ ਮਸ਼ਹੂਰ ਹੋ ਗਿਆ। ਤੋਤਾ ਸਿਹੁੰ ਦਾ ਨਾਉਂ ਵੀ ਘਰਦਿਆਂ ਨੇ ਕਰਮਾ ਰੱਖਿਆ ਸੀ, ਪਰ ਇਹਦੀ ਰੱਟ ਤੇ ਨਕਲ ਤੋਤਿਆਂ ਵਰਗੀ ਸੀ। ਇਹਨੇ ਜੋ ਰੱਟ ਲਾ ਲਈ, ਉਹ ਮਨ 'ਚੋਂ ਨਹੀਂ ਕੱਢਦਾ। ਵੈਸੇ ਵੀ ਤੋਤੇ ਬਾਰੇ ਮਸ਼ਹੂਰ ਐ ਕਿ ਉਹ ਬਿਬੇਕ-ਪਰਖ ਨਾਲੋਂ ਰੱਟ ਜ਼ਿਆਦਾ ਲਾਉਂਦਾ ਐ ਤੇ ਉਹ ਰੱਟ ਛੱਡਦਾ ਨਹੀਂ ਐ। ਏਥੋਂ ਈ ਪੰਜਾਬੀ ਦਾ ਸ਼ਬਦ 'ਤੋਤਾ ਰੱਟ' ਮਸ਼ਹੂਰ ਹੋ ਗਿਆ।

ਆਮ ਹੀ ਤੋਤੇ ਪਾਲਕਾਂ ਨੇ ਸਿਖਾਇਆ ਹੁੰਦਾ- 'ਗੰਗਾ ਰਾਮ ਚੂਰੀ ਖਾਣੀ ਐਂ..?" ਤੋਤਾ ਅੱਗੋਂ ਕਹੇਗਾ "ਖਾਣੀ ਆਂ..।" ਭਾਵੇਂ ਤੋਤੇ ਦਾ ਪੇਟ ਆਫਰਿਆ ਹੋਵੇ, ਲੂਜ਼-ਮੋਸ਼ਨ ਵੀ ਲੱਗੇ ਹੋਣ ਤਾਂ ਵੀ ਕਹੇਗਾ- "..ਹਾਂ ਖਾਣੀ ਆਂ...।" ਕਿਉਂਕਿ ਉਹਨੂੰ 'ਨਹੀਂ ਖਾਣੀ' ਕਹਿਣ ਦਾ ਤਾਂ ਪਤਾ ਈ ਨਹੀਂ ਐਂ। ਏਸੇ ਤਰ੍ਹਾਂ ਕੁਝ ਕੁ ਪੁਸਤਕਾਂ ਪੜ੍ਹ ਕੇ ਤੋਤਾ ਸਿਹੁੰ ਵੀ 'ਤਰਕਵਾਦੀ' ਹੋ ਗਿਆ...।

ਖ਼ੈਰ, ਬਾਬਾ ਗਿਆਨਾ ਸਿਹੁੰ ਨੇ ਜੋ ਬਿਬੇਕਵਾਦ ਨਾਲ ਤੱਤ ਕੱਢਿਆ ਐ ਕਿ 'ਅਗਾਂਹਵਧੂਵਾਦ, ਤਰਕਵਾਦ ਤੇ ਨਾਸਤਿਕਵਾਦ ਇਹ ਤਿੰਨੇ ਕਿਸਮ ਦੇ ਲੋਕ ਮਾਸੀ ਦੇ ਪੁੱਤ ਭਰਾ ਹੀ ਆ।' ਜਿਵੇਂ ਪੰਜਾਬੀ ਦਾ ਆਖਾਣ ਐਂ, 'ਚੋਰ-ਚੋਰ ਮਸੇਰ ਭਾਈ...।' ਪਰ ਕਈ ਵਾਰੀ ਆਮ ਬੰਦੇ ਨੂੰ ਭੁਲੇਖਾ ਜਿਹਾ ਵੀ ਪੈ ਜਾਂਦਾ ਐ। ਜਿਵੇਂ ਕਿਸੇ ਬੰਦੇ ਨੇ ਆਪਣੀ ਗੱਲ ਦੂਜੇ ਬੰਦੇ ਨੂੰ ਦੱਸੀ ਕਿ "ਮੇਰੇ ਘਰ ਵਾਲੀ ਤਾਂ ਪੇਕਿਆਂ ਨੂੰ ਗਈ ਆ, ਬੱਚੇ ਨਾਨਕੀਂ ਚਲੇ ਗਏ ਤੇ ਮੈਂ ਹੁਣ ਸਹੁਰੀਂ ਚੱਲਿਆਂ ਹਾਂ....।"

'ਮੁੜ-ਘੁੜ ਖੋਤੀ ਬੋਹੜ ਥੱਲੇ' ਦੀ ਕਹਾਵਤ ਵਾਂਗੂੰ, ਸਾਰੇ ਪਹੁੰਚੇ ਇੱਕੋ ਥਾਂ ਈ ਆਂ। ਪਿਛਲੇ ਕੁਝ ਦਹਾਕਿਆਂ ਤੋਂ ਇਸ ਤਰ੍ਹਾਂ ਦੀ ਸੋਚ ਨੂੰ ਮੁੱਖ ਰੱਖ ਕੇ ਬਾਬਾ ਗਿਆਨਾ ਸਿਹੁੰ ਦੇ ਪੋਸਟ ਮਾਰਟਮ ਦੀ ਰਿਪੋਰਟ ਇਹ ਕਹਿੰਦੀ ਐ "ਅਗਾਂਹਵਧੂ ਲੇਖਕ ਕੌਣ ਹੁੰਦਾ ਐ...?"

"....ਜੋ ਨਾਸਤਕ ਹੋਵੇ, ਗੁਰਮਤਿ ਲੇਖਕਾਂ ਨੂੰ ਲੇਖਕ ਨਾ ਮੰਨੇ, ਧਰਮ ਤੇ ਵਿਰਸੇ ਦੀਆਂ ਗੱਲਾਂ ਨੂੰ ਰੂੜੀਵਾਦ ਕਹੇ, ਗੁਰਦੁਆਰਿਆਂ ਤੇ ਮਰਿਯਾਦਾ ਨੂੰ ਭੰਡੇ, ਆਪ ਸ਼ਾਮ ਦੀਆਂ ਰੰਗੀਨ ਮਹਿਫ਼ਲਾਂ 'ਚ ਬੈਠੇ...। ਸ਼ਰਾਬ ਤੇ ਕਬਾਬ 'ਚ ਗੁੱਟ ਹੋ ਕੇ ਸ਼ਬਾਬ ਦੀਆਂ ਸਿਫ਼ਤਾਂ ਕਰ-ਕਰ ਲਾਲ਼ਾਂ ਸੁੱਟੇ, 'ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ' ਦੀ ਕਹਾਵਤ ਵਾਂਗੂੰ ਅਗਾਂਹਵਧੂ ਹੋਣ ਦਾ ਢੋਲ ਕੁੱਟੀ ਜਾਏ, ਉਹ ਹੀ ਅਗਾਂਹਵਧੂ, ਨਾਸਤਕ ਜਾਂ ਤਰਕਵਾਦੀ ਹੁੰਦਾ ਐ।"

ਦੂਜੇ ਪਾਸੇ ਜਿਨ੍ਹਾਂ ਗੁਰੂ ਸਾਹਿਬਾਂ ਨੇ ਦਸਾਂ ਜਾਮਿਆਂ 'ਚ ਇਸ ਧਰਤੀ 'ਤੇ ਇਲਾਹੀ ਬਾਣੀ ਰਾਹੀਂ ਇਸ ਜਗਤ-ਜਲੰਦੇ ਨੂੰ ਤਾਰਿਆ ਅਤੇ ਦੱਬਿਆਂ-ਕੁਚਲਿਆਂ ਨੂੰ ਗ਼ੈਰਤ, ਅਣਖ਼, ਦਲੇਰੀ ਨਾਲ ਜੀਵਨ-ਜੀਣ ਦੀ ਜਾਚ ਦੱਸੀ, ਜਾਤਾਂ-ਪਾਤਾਂ ਦੀਆਂ ਵੱਟਾਂ ਤੋੜੀਆਂ, ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ, ਜਿਨ੍ਹਾਂ ਦੇ ਬਿਬੇਕਵਾਦ ਅੱਗੇ ਸਭ ਤਰਕਵਾਦੀਏ ਹਾਰ ਗਏ ਉਨ੍ਹਾਂ ਬਾਰੇ ਅਗਾਂਹਵਧੂ ਚੁੱਪ ਹੋ ਜਾਂਦੇ ਹਨ.....ਜੇ ਬੋਲਦੇ ਵੀ ਹਨ ਤਾਂ ਸੁਣ ਈ ਲਉ....।

ਪੰਜਾਬ ਦਾ ਇਕ ਉੱਘਾ ਨਾਵਲਿਸਟ ਸਿੱਖਾਂ ਨੂੰ ਸਲਾਹ ਦੇ ਰਿਹਾ ਹੈ ਕਿ "ਪੁਰਾਣੀਆਂ ਰਵਾਇਤਾਂ ਛੱਡੋ, ਸਮਾਂ ਬਹੁਤ ਬੀਤ ਗਿਆ ਹੈ ਤੇ ਸਿੱਖਾਂ ਨੂੰ ਵਿਗਿਆਨਕ ਸੋਚ ਅਪਨਾਉਣੀ ਚਾਹੀਦੀ ਹੈ।" ਇਹ ਲੇਖਕ ਕਦੇ-ਕਦੇ ਨਾਸਤਕਾਂ ਦਾ ਲੰਬੜਦਾਰ ਬਣ ਜਾਂਦਾ ਤੇ ਕਦੇ-ਕਦੇ ਆਸਤਕਾਂ ਦਾ ਮੁੱਖ ਮੰਤਰੀ। ਇਸ ਤਰ੍ਹਾਂ ਦੇ ਲੇਖਕ ਗੁੱਝੇ-ਗੁੱਝੇ ਬਹੁਤ ਹਨ। ਕਦੀ-ਕਦੀ ਇਹ ਡਰਾਈਵਰਾਂ ਵਰਗੇ ਲੱਗਦੇ ਹਨ। ਜੋ ਭਾਰਤ 'ਚ ਤਾਂ ਗੱਡੀ ਖੱਬੇ ਹੱਥ ਚਲਾਉਂਦੇ ਆ ਤੇ ਵਿਦੇਸ਼ਾਂ 'ਚ ਸੱਜੇ ਹੱਥ ਚਲਾ

ਲੈਂਦੇ ਹਨ ਤੇ ਕਦੀ-ਕਦੀ ਪੈਦਲ ਫੁੱਟਪਾਥਾਂ ’ਤੇ ਹੋ ਤੁਰਦੇ ਹਨ..। ਕਈ ਵਾਰੀ ਇਉਂ ਲੱਗੂ ਜਿਵੇਂ ਕੋਈ ਦੁਹਾਗਣ ਉੱਠ ਕੇ ਸੁਹਾਗਣਾਂ ਨੂੰ ਸਮਝਾਵੇ ਕਿ ਮੈਂ ਦੱਸਦੀ ਆਂ ਕਿ ਚੰਗਾ ਗ੍ਰਹਿਸਤ ਕਿਵੇਂ ਨਿਭਾਈਦਾ ਐ...। ‘ਅਖੇ ਆਪ ਨਾ ਵੱਸੀ ਸਹੁਰੀਂ ਹੋਰਨਾਂ ਮੱਤੀਂ ਦੇ....।’

ਇਸ ਨਾਵਲਿਸਟ ਦੀ ਵਿਚਾਰ ਪੜ੍ਹ ਕੇ ਇਉਂ ਲੱਗਾ ਕਿ ਕੀ ਸਿੱਖ ਹੁਣ ਬਾਣੀ-ਬਾਣਾ ਛੱਡ ਦੇਣ ਜਾਂ ਗੁਰੂ ਗ੍ਰੰਥ (ਸਾਹਿਬ) ਤੇ ਪੰਥ ਨੂੰ....? ਜੇ ਨਹੀਂ ਤਾਂ ਵਿਗਿਆਨਕ ਸੋਚ ਦਾ ਕਿਹੜਾ ਗ੍ਰੰਥ ਐ ਜੋ ਸਿੱਖਾਂ ਨੇ ਅਜੇ ਤਕ ਨਹੀਂ ਪੜ੍ਹਿਆ...? ਦੂਜੇ ਪਾਸੇ ਵਿਗਿਆਨਕ ਖੋਜਾਂ ਤੋਂ ਕੋਈ ਵੀ ਸਿੱਖ ਮੁਨਕਰ ਨਹੀਂ ਐ...ਸਾਰੇ ਸਿੱਖ ਹੀ ਵਿਗਿਆਨਕ ਸੁੱਖ ਮਾਣ ਰਹੇ ਹਨ। ਗੱਲਾਂ ’ਚੋਂ ਗੱਲ ਤਾਂ ਇਹ ਐ ਕਿ ਵਿਗਿਆਨਕ ਸੋਚ ਦੀ ਪਟਾਰੀ ’ਚੋਂ ਨਾਸਤਿਕਵਾਦ ਦਾ ਸਪੋਲੀਆ ਕੱਢਿਆ ਜਾ ਰਿਹਾ ਐ...।

ਉਂਝ ਸਾਡੇ ਕੁਝ ਕੁ ਅਗਾਂਹਵਧੂ ਲੇਖਕ ਅਜੇ ਭੁਲੇਖੇ ਦਾ ਸ਼ਿਕਾਰ ਹਨ। ਵਿਚਾਰ ਕੇ ਦੇਖੀਏ ਤਾਂ ਸਾਰੇ ਵਿਗਿਆਨੀ ਨਾਸਤਿਕ ਨਹੀਂ, ਸਗੋਂ ਬਹੁਤ ਸਾਰੇ ਆਸਤਿਕ ਵੀ ਹਨ। ਸਾਇੰਸਦਾਨਾਂ ਵਿਚੋਂ ਅਲਬਰਟ ਆਈਨ ਸਟਾਈਨ, ਐਡਿੰਗਟਨ, ਜੇ.ਐਸ. ਹੋਲਡਨ, ਕੇ.ਐਫ. ਮਾਥਰ, ਕਰਾਮਪਟਨ, ਮਿਲੀਕਨ, ਸਰ ਜੇਮਜ਼ ਜੀਨ ਆਦਿ ਪ੍ਰਸਿੱਧ ਸਾਇੰਸਦਾਨ ਈਸ਼ਵਰ ਤੇ ਆਤਮਾ ਦੀ ਹੋਂਦ ਨੂੰ ਮੰਨਦੇ ਸਨ। ਇਸੇ ਤਰ੍ਹਾਂ ਯੂਨਾਨ ਦੇ ਫਿਲਾਸਫਰਾਂ ਵਿਚੋਂ ਸੁਕ੍ਰਾਤ, ਪਲੈਟੋ ਤੇ ਅਰਸਤੂ ਆਸਤਕ ਸਨ। ਦੂਜੇ ਪਾਸੇ ਇਸ ਦਲੀਲ ਵਿਚ ਵਜਨ ਹੈ ਕਿ ਜਿਥੇ ਵਿਗਿਆਨ ਖ਼ਤਮ ਹੁੰਦਾ ਹੈ, ਉਥੋਂ ਧਰਮ ਦੀ ਸ਼ੁਰੂਆਤ ਹੁੰਦੀ ਹੈ। ਇਹ ਵੱਖਰੀ ਗੱਲ ਐ ਕਿ ਜੀਹਦੇ ਸੁੰਘਣ ’ਚ ਨੁਕਸ ਹੋਵੇ, ਉਹਦੇ ਲਈ ਗੁਲਾਬ ਦੇ ਫੁੱਲ ’ਚ ਤੇ ਗੋਭੀ ਦੇ ਫੁੱਲ ’ਚ ਕੋਈ ਫ਼ਰਕ ਨਹੀਂ ਹੁੰਦਾ...।

ਕਹਿੰਦੇ ਭੰਡਾਂ ਦਾ ਮੁੰਡਾ ਚੁੱਲ੍ਹੇ ਅੱਗੇ ਬੈਠਾ ਆਪਣੀ ਮਾਂ ਨੂੰ ਕਹਿੰਦਾ, “ਜੇ ਅੱਲ੍ਹਾ ਮੈਨੂੰ ਠਾਣੇਦਾਰ ਬਣਾ ਦੇਵੇ ਤਾਂ ਬੇਬੇ! ਮੈਂ ਪਹਿਲਾਂ ਤੇਰੇ ਈ ਪਾਸੇ ਸੇਕੂੰ....।”
ਉਹ ਕਹਿੰਦੀ, “ਐਹੋ ਜਿਹੇ ਕੁਲੱਛਣੇ ਨੂੰ ਅੱਲ੍ਹਾ ਠਾਣੇਦਾਰ ਬਣਾਏ ਵੀ ਨਾ....।”

ਵੈਸੇ ਸਿੱਖ ਘਰਾਣਿਆਂ ’ਚ ਐਹੋ ਜਿਹੇ ਅਗਾਂਹਵਧੂ ਠਾਣੇਦਾਰ ਕਾਫ਼ੀ ਪੈਦਾ ਹੋ ਗਏ ਨੇ ਜੋ ਜਥੇਬੰਦਕ ਧਰਮ ਦੀ ਅਹਿਮੀਅਤ ਨੂੰ ਅੱਖੋਂ-ਪਰੋਖੇ ਕਰ ਕੇ ਆਪਣੀਆਂ ਨਿੱਜੀ ਸੋਚਾਂ ਨੂੰ ਪੰਥ ’ਤੇ ਲੱਦਣ ਲਈ ਉਤਾਵਲੇ ਹਨ। ਏਨੇ ਨੀਵੇਂ ਪੱਧਰ ’ਤੇ ਵੀ ਚਲੇ ਗਏ ਹਨ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ, ਅਰਦਾਸ, ਗੁਰਬਾਣੀ, ਫਿਲਾਸਫ਼ੀ, ਸਿਧਾਂਤਾਂ ਦੀ ਮਨਮੱਤੀ ਵਿਆਖਿਆ ਕਰ ਕੇ ‘ਕਿੰਤੂ ਪ੍ਰੰਤੂ’ ਨਾਮ ਦੀਆਂ ਪੁਸਤਕਾਂ ਛਾਪੀ ਜਾਂਦੇ ਹਨ...।

ਏਸੇ ਤਰ੍ਹਾਂ ਪੁਰਾਣੇ ਸਮੇਂ ਦੀ ਗੱਲ ਹੈ ਕਿ ਇਕ ਆਜੜੀ ਕੋਲੋਂ ਇਕ ਜੌਹਰੀ ਦੋ ਭੇਡਾਂ ਖਰੀਦਣ ਆ ਗਿਆ। ਉਹਨੇ ਦੋ-ਦੋ ਰੁਪਏ ਦੀਆਂ ਦੋ ਭੇਡਾਂ ਖਰੀਦ ਲਈਆਂ। ਆਜੜੀ ਦੇ ਬੱਚੇ ਇਕ ਚਮਕਦੇ ਪੱਥਰ ਨਾਲ ਖੇਡ ਰਹੇ ਸਨ ਪਰ ਕਿਸੇ ਨੂੰ ਸਮਝ ਨਹੀਂ ਸੀ ਕਿ ਇਹ ਹੀਰਾ ਐ...। ਜੌਹਰੀ ਨੇ ਮੰਗਿਆ ਤਾਂ ਆਜੜੀ ਨੇ ਖੋਹ ਕੇ ਫੜਾਤਾ, ਜੌਹਰੀ ਨੇ ਮੁੱਲ ਪੁੱਛਿਆ ਤਾਂ ਆਜੜੀ ਕਹਿੰਦਾ ਪੱਥਰ ਦਾ ਕੀ ਲੈਣਾ...ਤੂੰ ਲੈ ਜਾ। ਪਰ ਜੌਹਰੀ ਸੌ ਰੁਪਏ ਫਿਰ ਵੀ ਦੇ ਗਿਆ। ਹੁਣ ਆਜੜੀ ਸਾਰੇ ਪਿੰਡ ’ਚ ਦੱਸਦਾ ਫਿਰੇ ਕਿ ਸ਼ਹਿਰੀ ਬੰਦੇ ਨੂੰ ਅਕਲ ਈ ਨਹੀਂ ਐਂ, ਮੇਰੀਆਂ ਭੇਡਾਂ ਤਾਂ ਦੋ-ਦੋ ਰੁਪਏ ਦੀਆਂ ਖਰੀਦੀਆਂ ਤੇ ਨਿੱਕੇ ਜਿਹੇ ਪੱਥਰ ਦਾ ਸੌ ਰੁਪਈਆ ਦੇ ਗਿਆ। ਸਾਡੇ ਕਈ ਅਗਾਂਹਵਧੂ ਲੇਖਕ ਵੀ ਉਸ ਆਜੜੀ ਵਰਗੇ ਹੀ ਹਨ, ਜਿਨ੍ਹਾਂ ਨੂੰ ਅਜੇ ਤਕ ਪਛਾਣ ਨਹੀਂ ਆਈ...।

ਇਕ ਦਿਨ ਤੋਤਾ ਸਿਹੁੰ ਦਾ ਤਰਕਵਾਦ ਬਾਬੇ ਗਿਆਨਾ ਸਿਹੁੰ ਦੇ ਬਿਬੇਕਵਾਦ ਨਾਲ ਸਿੰਗ ਫਸਾ ਬੈਠਾ। ਕਹਿੰਦੇ ਕੁੰਡੀਆਂ ਦੇ ਸਿੰਗ ਫਸ ਜਾਣ ਤਾਂ ਫਿਰ ਵੜੇਵੇਂ ਖਾਣੀ ਨਿੱਤਰਦੀ ਹੁੰਦੀ ਆ, ਫੁੱਟਪਾਥਾਂ ਤੋਂ ਘਾਹ-ਫੂਸ ਖਾ ਕੇ ਸਿੰਗ ਅੜਾਉਣ ਵਾਲੀਆਂ ਛੇਤੀਂ ਮੋਕ ਮਾਰ ਜਾਂਦੀਆਂ ਹੁੰਦੀਆਂ। ਨਾਲੇ ਸਿਆਣੇ ਕਹਿੰਦੇ ਜਾਂ ਤਾਂ ਕਣਕ ਪੂਰੀ ਪਿਸੀ ਹੋਵੇ ਤਾਂ ਆਟੇ ਦੀ ਰੋਟੀ ਬਣ ਜਾਊ ਜਾਂ ਥੋੜ੍ਹਾ ਜਿਹਾ ਰਗੜਾ ਹੋਵੇ ਤਾਂ ਦਲੀਆ ਬਣ ਕੇ ਰਿੰਨ੍ਹਣ ਦੇ ਕੰਮ ਆ ਜਾਊ, ਪਰ ਜੇ ਵਿਚ ਵਿਚਾਲਾ ਜਿਹਾ ਹੋਵੇ ਤਾਂ ਇਹ ਕਣਕ ਕਿਸੇ ਕੰਮ ਨਹੀਂ ਆਉਂਦੀ ਹੁੰਦੀ...। ਤੋਤਾ ਸਿਹੁੰ ਵਰਗੇ ਤਰਕੀ ਵੀ ਬਹੁਤੇ ਇਸੇ ਤਰ੍ਹਾਂ ਦੇ ਹਨ। ਸਿਰੇ ਦੀ ਗੱਲ ਇਹ ਐ ਕਿ ਗੁਰੂ ਦੇ ਸਿੱਖਾਂ ਨੂੰ ਆਮ ਬੰਦਿਆਂ ਦੇ ਸਿੱਖ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਐ...।

ਗੱਲ ਸਪੱਸ਼ਟ ਐ ਕਿ ਸਿੱਖ ਰੋਜ਼ਾਨਾ ਅਰਦਾਸ ਵਿਚ ‘ਬਿਬੇਕਦਾਨ’ ਮੰਗਦਾ ਐ, ਕਿਤੇ ਵੀ ਤਰਕਦਾਨ ਨਹੀਂ ਮੰਗਦਾ...। ਕਿਉਂਕਿ ਤਰਕ ਸਿਰਫ਼ ਸਨਕੀ ਤੇ ਭਰਮਾਂ ’ਚ ਉਲਝਿਆ ਹੁੰਦਾ ਹੈ। ਕਈ ਤਾਂ ਕੁੱਕੜੀ ਦਾ ਬਰਥ ਸਰਟੀਫਿਕੇਟ ਲੱਭਦੇ-ਲੱਭਦੇ ਸ਼ਦਾਈ ਹੋਏ ਪਏ ਆ, ਕਿਉਂਕਿ ਜੇ ਪਹਿਲਾਂ ਆਂਡਾ ਕਹਿਤਾ ਤਾਂ ਤਰਕ ਖੜ੍ਹਾ ਹੋ ਜਾਂਦਾ, ਆਪੇ ਕੁਕੜੀ ਪੈਦਾ ਨਹੀਂ ਹੋਈ। ਕੁਦਰਤ ਦੇ ਰੰਗ ਕਹਿ ਨਹੀਂ ਸਕਦੇ ਤੇ ਕਾਦਰ ਉੱਤੇ ਭਰੋਸਾ ਕੋਈ ਨਹੀਂ ਐ...ਦੱਸੋ ਕਿਹੜੇ ਖੂਹ ’ਚ ਜਾਣ..? ਵੈਸੇ ‘ਬਿਬੇਕਦਾਨ’ ਤਾਂ ਤਰਕਵਾਦ ਤੋਂ ਬਹੁਤ ਅਗਲੀ ਮੰਜ਼ਲ ਐ। ਉਹੀ ਗੱਲ ਜੀਹਨੇ ਟਰੱਕ ਮੰਗ ਲਿਆ, ਉਹਨੂੰ ਘੜੁੱਕਾ ਮੰਗਣ ਦੀ ਕੀ ਲੋੜ ਐ। ਗੁਰੂ ਪੰਥ ਬਿਬੇਕਵਾਦੀਆਂ ਦਾ ਪੰਥ ਐ। ਏਧਰ ਹੁਣ ਅਮਲੀਆਂ ਦੀ ਬਾਤ ਵਾਂਗੂੰ ਜੇ ਕਿਸੇ ਦੀ ਪਉੜੀ ਛੋਟੀ ਐ ਤਾਂ ਇਹਦਾ ਮਤਲਬ ਇਹ ਨਹੀਂ ਕਿ ਅਗਾਂਹ ਕੋਈ ਮੰਜ਼ਲ ਈ ਨਹੀਂ ਐਂ। ਫੁੱਲਾਂ ਦੀ ਮਹਿਕ, ਹਵਾ ਦੀ ਸ਼ਕਲ, ਰਸ ਦਾ ਅਨੁਭਵ, ਛੂਹ ਦਾ ਅਹਿਸਾਸ, ਦੁਰਗੰਧ ਦਾ ਸਰੂਪ...ਸਭ ਅਨੁਭਵ ਦੇ ਵਿਸ਼ੇ ਹਨ। ਤਰਕਵਾਦ ਪੁੱਤ ਨੂੰ ਤਾਂ ਮੰਨਦਾ ਐ ਬਸ ਮਾਂ ਨੂੰ ਨਹੀਂ ਮੰਨਦਾ...। ਸੋਚ ਆਪੋ ਆਪਣੀ ਐ...।

ਤੋਤਾ ਸਿਹੁੰ ਦਾ ਤਰਕਵਾਦ ਬੋਲਿਆ, “ਜੇ ਕਿਸੇ ਮੱਝ ਦੀ ਪੂਛ ਲੰਡੀ ਹੋਵੇ ਤਾਂ ਉਹਦਾ ਦੁੱਧ ਦੇਣ ਨਾਲ ਕੀ ਸੰਬੰਧ ਐ...?”

ਬਾਬਾ ਗਿਆਨਾ ਸਿਹੁੰ ਕਹਿੰਦਾ, "ਇਹਦਾ ਪਤਾ ਪੁੱਤ ਮੰਡੀ 'ਚ ਲੱਗਦਾ ਹੁੰਦਾ ਐ। ਉਂ ਤਾਂ ਸਿੰਗਾਂ ਤੇ ਅੱਖਾਂ ਦਾ ਵੀ ਦੁੱਧ ਦੇਣ ਨਾਲ ਕੋਈ ਸੰਬਧ ਨਹੀਂ ਐਂ, ਦੁੱਧ ਤਾਂ ਅੱਖਾਂ ਤੋਂ ਅੰਨ੍ਹੀ ਮੱਝ ਨੇ ਵੀ ਦੇ ਹੀ ਦੇਣਾ ਐਂ...।"

ਤੋਤਾ ਸਿਹੁੰ ਕਹਿੰਦਾ, "ਗੱਲ ਤਾਂ ਬਾਬਾ ਇਹ ਵੀ ਬਿਲਕੁਲ ਠੀਕ ਐ...।"

ਬਾਬਾ ਕਹਿੰਦਾ, "ਫਿਰ ਅੰਨ੍ਹੀ ਮੱਝ ਦਾ ਹਾਲ ਵੀ ਤੁਹਾਡੇ ਆਲਾ ਈ ਹੋਣਾ...ਕਦੀ ਕਿਸੇ ਟੋਏ 'ਚ ਡਿੱਗ ਕੇ ਲੱਤ ਤੁੜਾ ਲਿਆ ਕਰੂ ਤੇ ਕਦੀ ਘਾਹ ਚਰਨ ਗਈ ਕੰਡਿਆਂ ਨਾਲ ਮੂੰਹ ਪੜਾ ਲਿਆ ਕਰੂ...। ਤੇ ਜੇ ਕਿਤੇ ਕੱਟੇ-ਕੱਟੀਆਂ ਵੀ ਅੰਨ੍ਹੇ ਜੰਮ ਪਏ ਤਾਂ ਇਹ ਨਸਲ ਵੀ ਤੁਹਾਡੇ ਵਾਂਗੂੰ ਕਿਸੇ ਨਾਲ ਨਹੀਂ ਰਲ਼ਣੀ...।"

ਤੋਤਾ ਸਿਹੁੰ ਕਹਿੰਦਾ ਕਿ "ਬਾਬਾ! ਸਾਡੇ ਨਾਲ ਕਿਵੇਂ ਰਲ਼ਾਤੀ....?"

ਬਾਬਾ ਕਹਿੰਦਾ, "ਤੁਸੀਂ ਸਿੱਖਾਂ ਦੇ ਮੁੰਡੇ ਅਗਾਂਹਵਧੂ ਬਣ ਕੇ ਤਰਕਵਾਦ ਨੂੰ ਤਾਂ ਸਿਰ 'ਤੇ ਚੁੱਕੀ ਫਿਰਦੇ ਓ ਪਰ ਗੁਰੂ ਨਾਨਕ ਸਾਹਿਬ ਦੇ ਘਰ ਦੇ ਬਿਬੇਕਵਾਦ ਬਾਰੇ ਤੁਹਾਡਾ ਅਨੁਭਵ ਹੈ ਈ ਕੋਈ ਨਹੀਂ ਐ। ਜਿਹੜੀਆਂ ਗੱਲਾਂ 'ਤੇ ਤੁਸੀਂ ਤਰਕਵਾਦ ਨੂੰ ਖੜ੍ਹਾ ਕਰਦੇ ਓ, ਇਹ ਵਿਚਾਰਾਂ ਦਾ ਤਾਂ ਗੁਰਬਾਣੀ 'ਚ ਵੀ ਖੰਡਨ ਐ..। ਬਸ ਇਕੋ ਵਿਸ਼ੇ 'ਤੇ ਤੁਸੀਂ ਅਲੱਗ ਹੁੰਦੇ ਓ, 'ਇਕ ਓਅੰਕਾਰ' 'ਤੇ। ਇਹ ਗੁਰਮਤਿ ਦਾ ਕੇਂਦਰੀ ਧੁਰਾ ਹੈ। ਤੁਸੀਂ ਪਹੀਏ ਤਾਂ ਲਈ ਫਿਰਦੇ ਓ, ਪਰ ਧੁਰਾ ਕੋਈ ਨਹੀਂ ਐ..। ਏਸੇ ਲਈ ਪਹਿਲਾਂ ਇਥੇ ਬਿਨਾਂ ਧੁਰੇ ਤੋਂ ਖੱਬੇ ਪੱਖੀਆਂ ਦੀ ਗੱਡੀ ਨਹੀਂ ਭੱਜੀ ਤੇ ਹੁਣ ਤੁਸੀਂ ਵੀ ਬਿਨਾਂ ਧੁਰੇ ਤੋਂ ਭਜਾਉਣੀ ਚਾਹੁੰਦੇ ਹੋ...। ਧਰਮ ਦਾ ਸਮਾਜ ਵਿਚ ਇਕ ਅਹਿਮ ਸਥਾਨ ਐ। ਧਰਮ ਦੀ ਫਿਲਾਸਫ਼ੀ ਨੂੰ ਸਮਝਣ ਦੀ ਲੋੜ ਹੈ। ਜੇ ਧਰਮ ਨੂੰ ਇਸ ਕਰਕੇ ਭੰਡਿਆ ਜਾਂਦਾ ਕਿ ਇਹਨੇ ਕਤਲੋਗਾਰਤ ਬਹੁਤ ਕਰਾਈ ਐ ਤਾਂ ਦੂਜੇ ਪਾਸੇ ਵਿਗਿਆਨਕ ਖੋਜਾਂ ਤੋਂ ਪੈਦਾ ਹੋਏ ਬੰਬਾਂ, ਟੈਂਕਾਂ, ਬਾਰੂਦਾਂ ਨੂੰ ਵੀ ਦੋਸ਼ੀ ਮੰਨਿਆ ਜਾ ਸਕਦਾ ਹੈ। ਵੱਡੀ ਗੱਲ ਕਿ ਧਰਮ ਨੇ ਇਕ ਸਮਾਜ ਨੂੰ ਸੂਤਰਬੱਧ ਕੀਤਾ ਹੈ। ਇਹਦੇ ਨਾਲ ਭਰਾਤਰੀਵਾਦ ਦਾ ਸੱਭਿਆਚਾਰ ਵਿਕਸਤ ਹੋਇਆ ਐ। ਜਿਥੇ ਇਹਨੇ ਜੀਵਨ ਨੂੰ ਨਿਯਮਬੱਧ ਕੀਤਾ ਐ, ਉਥੇ ਰਸਮਾਂ-ਰੀਤਾਂ ਦੀ ਪੂਰਤੀ ਵੀ ਕੀਤੀ ਐ। ਇਹ ਇਕ ਦਿਨ ਦੀ ਘਾੜਤ ਨਹੀਂ ਐ ਲੰਮਾ ਸੰਘਰਸ਼ ਐ। ਰਬਾਬ ਦਾ ਪੈਗਾਮ, ਨਗਾਰੇ ਦੀ ਧਮਕ, ਤਖ਼ਤਾਂ ਦੀ ਸਿਰਜਣਾ, ਘੋੜ ਸਵਾਰੀ, ਫ਼ੌਜਾਂ, ਕਿਲ੍ਹੇ, ਬਾਣੀ-ਬਾਣਾ, ਫਿਲਾਸਫ਼ੀ, ਸੰਸਕਾਰ, ਮਰਯਾਦਾ, ਧਰਮ ਸਥਾਨ, ਸੰਗਤ-ਪੰਗਤ, ਕਰਮ-ਕਾਂਡਾਂ ਤੋਂ ਮੁਕਤੀ, ਚੜ੍ਹਦੀ ਕਲਾ ਦੇ ਜੌਹਰ, ਜੀਵਨ ਜਾਚ ਸਭ ਬਿਬੇਕਵਾਦ ਦੀਆਂ ਐਨਕਾਂ ਨਾਲ ਦੇਖਿਆ ਮਾਣਿਆ ਜਾ ਸਕਦਾ ਐ...।"

ਬਾਬਾ ਕਹਿੰਦਾ, "ਮੈਂ ਛੋਟੀ ਜਿਹੀ ਉਦਾਹਰਨ ਦਿੰਦਾ ਹਾਂ ਕਿ ਬੀਤੇ ਸਮਿਆਂ ਵਿਚ ਕਿੰਨੀਆਂ ਸੋਚਾਂ ਨੇ ਧਰਮ ਦਾ ਵਿਰੋਧ ਕੀਤਾ, ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਜਨਮ, ਅਨੰਦ, ਮ੍ਰਿਤਕ, ਸੰਸਕਾਰਾਂ 'ਚ ਖੱਬੇ ਪੱਖੀਆਂ ਤੋਂ ਲੈ ਕੇ ਕੋਈ ਵੀ ਜਥੇਬੰਦੀ ਬਦਲਾਉ ਨਹੀਂ ਦੇ ਸਕੀ। ਨਾਸਤਿਕਾਂ ਦੇ ਧੀਆਂ-ਪੁੱਤਰਾਂ ਦੇ ਵਿਆਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਹੋਏ। ਧਰਮ ਨੇ ਨਰੋਏ ਸਮਾਜ ਦੀ ਘਾੜਤ ਘੜੀ ਐ। ਗੱਲ ਕੀ ਸਿੱਖ ਪੰਥ ਦਾ ਇਕ ਨਿਵੇਕਲਾ ਕਲਚਰ ਐ। ਸਿੱਖ ਘਰਾਣਿਆਂ 'ਚੋਂ ਉਠ ਕੇ ਕੁਝ ਕੁ ਲੋਕ ਤਰਕ ਭਾਵੇਂ ਕਰੀ ਜਾਣ ਪਰ ਮੁੜ-ਘੁੜ ਕੇ ਜੀਵਨ ਦੀਆਂ ਰੀਤਾਂ-ਰਸਮਾਂ ਉਹ ਹੀ ਕਰ ਰਹੇ ਨੇ। ਸ਼ਾਇਦ ਇਹਨਾਂ ਦਾ ਵੀ ਉਹ ਹਾਲ ਐ, ਜਿਵੇਂ ਪੰਜਾਬ ਦੇ ਕੁਝ ਵਾਸੀ ਮਾਤ-ਭਾਸ਼ਾ ਤਾਂ ਪੰਜਾਬੀ ਛੱਡ ਕੇ ਹਿੰਦੀ ਲਿਖਾਉਂਦੇ ਐ ਪਰ ਬੇਬੇ ਮਰੀ ਤੋਂ ਵੈਣ ਪੰਜਾਬ 'ਚ ਪਾਉਂਦੇ ਐ। ਜਾਂ ਉਹਨਾਂ ਸਰੀਰ ਪੂਜਕਾਂ ਵਾਂਗੂੰ ਜੋ ਸ਼ਬਦ ਗੁਰੂ ਦਾ ਵਿਰੋਧ ਕਰਦੇ ਹਨ ਪਰ ਕੀਰਤਨ ਕਰਨ ਲਈ ਉਹ ਆਸਰਾ ਗੁਰਬਾਣੀ ਦਾ ਹੀ ਲੈਂਦੇ ਹਨ। ਕਹਿੰਦੇ ਇਕ ਵਾਰੀ ਇਕ ਬੰਦਾ ਡੱਡੂਆਂ ਦੀ ਬੋਰੀ ਭਰ ਕੇ ਵੇਚਣ ਤੁਰ ਪਿਆ। ਹੋਕਾ ਸੁਣ ਕੇ ਇਕ ਮਾਈ ਬਾਹਰ ਆਈ, ਜੋ ਬਹੁਤ ਚੇਤੰਨ ਸੀ। ਕਹਿੰਦੀ ਪੰਜ ਕਿੱਲੋ ਡੱਡੂ ਤੋਲਦੇ....। ਵੇਚਣ ਆਲਾ ਰੁੱਗ ਭਰ ਕੇ ਤੱਕੜੀ ਦੇ ਪੱਲੜੇ 'ਚ ਰੱਖੇ, ਉਹ ਛਾਲ ਮਾਰ ਕੇ ਬਾਹਰ ਭੱਜ ਜਾਣ, ਇਕ ਨੂੰ ਫੜੇ ਦੋ ਭੱਜ ਜਾਣ, ਦੋਹਾਂ ਨੂੰ ਫੜੇ ਚਾਰ ਭੱਜ ਜਾਣ...। ਮਾਈ ਕਹਿੰਦੀ ਵੇ ਭਾਈ, ਜਿਹੜੀ ਚੀਜ਼ ਵੇਚਣ ਲੱਗੀਏ ਪਹਿਲਾਂ ਤੋਲਣ ਦੀ ਜਾਚ ਸਿੱਖੀਦੀ ਹੁੰਦੀ ਆ। ਇਸ ਲਈ ਤੋਤਾਂ ਸਿਹਾਂ! ਤੁਹਾਡੇ ਖਿਆਲਾਂ 'ਚ ਟਿਕਾਓ ਨਹੀਂ, ਸਗੋਂ ਡੱਡੂਆਂ ਵਰਗੇ ਛੜੱਪੇ ਹਨ। ਵਿਸ਼ਵਾਸ ਦੇ ਪੱਲੜੇ 'ਚ ਬਿਬੇਕ ਦੀ ਕਸਵੱਟੀ ਨਾਲ ਤੋਲੋਂਗੇ ਤਾਂ ਹੀ ਗੱਲ ਬਣਨੀ ਐਂ...। ਤੁਹਾਨੂੰ ਤਾਂ ਬੇਚੈਨ ਕਰ ਰਿਹਾ ਬਿਬੇਕ ਵਿਹੂਣਾ 'ਤਰਕਵਾਦ ਦਾ ਭੂਤ'।

**-ਇੰਦਰਜੀਤ ਸਿੰਘ ਗੋਗੋਆਣੀ**